Exam.Code:5112
Sub. Code: 14271

**2056**

**B.Com. (Tax Planning & Management) (FYUP)**
**Second Semester**
**Punjabi**
**Paper: Punjabi Swaijivni Ate Viharak Punjabi**

**Time allowed: 3 Hours** **Max. Marks: 45**

x-x-x

ਨੋਟ 1. ਯੂਨਿਟ ਪਹਿਲਾ ਦੇ ਦੋ ਭਾਗ ਹਨ ਅਤੇ 30 ਅੰਕ ਹਨ।
2. ਯੂਨਿਟ ਦੂਜਾ ਦੇ ਤਿੰਨ ਭਾਗ ਅਤੇ ਕੁੱਲ 15 ਅੰਕ ਹਨ।

## ਯੂਨਿਟ ਪਹਿਲਾ

ਪ੍ਰਸ਼ਨ 1. ਹੇਠ ਲਿਖਿਆਂ ਵਿਚੋਂ ਕੋਈ ਦੋ ਪ੍ਰਸ਼ਨ ਕਰੋ।

(ੳ) ਬਚਿੰਤ ਕੌਰ ਦੀ ਸਵੈਜੀਵਨੀ 'ਪਗਡੰਡੀਆਂ' ਵਿਚੋਂ ਤੁਹਾਨੂੰ ਕਿਹੜਾ ਪਾਤਰ ਸਭ ਤੋਂ ਵਧੇਰੇ ਚੰਗਾ ਲੱਗਾ? ਉਸ ਪਾਤਰ ਦੇ ਸੁਭਾਅ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਵਰਨਣ ਕਰੋ।

(ਅ) 'ਪਗਡੰਡੀਆਂ' ਸਵੈਜੀਵਨੀ ਦੇ ਆਖਰੀ ਕਾਂਡ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ।

(ੲ) 'ਪਗਡੰਡੀਆਂ' ਸਵੈਜੀਵਨੀ ਦੀ ਲੇਖਿਕਾ ਬਚਿੰਤ ਕੌਰ ਦੇ ਪੰਜਾਬੀ ਸਵੈਜੀਵਨੀ ਸਾਹਿਤ ਨੂੰ ਦਿੱਤੇ ਯੋਗਦਾਨ ਬਾਰੇ ਵਿਚਾਰ ਚਰਚਾ ਕਰੋ। 10X2=20

ਪ੍ਰਸ਼ਨ 2. ਹੇਠ ਲਿਖਿਆਂ ਵਿਚੋਂ ਕੋਈ ਪੰਜ ਪ੍ਰਸ਼ਨ ਕਰੋ। ਹਰ ਪ੍ਰਸ਼ਨ ਦੇ ਦੋ ਅੰਕ ਹਨ।

(ੳ) ਸਵੈਜੀਵਨੀ ਨੂੰ ਪਰਿਭਾਸ਼ਤ ਕਰੋ।

(ਅ) 'ਪਗਡੰਡੀਆਂ' ਸਵੈਜੀਵਨੀ ਦੇ ਸਿਰਲੇਖ ਦੀ ਉਚਿਤਤਾ ਵਿਚਾਰੋ।

(ੲ) 'ਪਗਡੰਡੀਆਂ' ਸਵੈਜੀਵਨੀ ਵਿਚ ਰਾਜਕੁਮਾਰ ਕੌਣ ਸੀ?

(ਸ) ਲੇਖਿਕਾ ਬਚਿੰਤ ਕੌਰ ਨੂੰ ਕਿਸ ਤਰ੍ਹਾਂ ਦੀਆਂ ਆਰਥਿਕ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ?

(ਹ) ਬਚਿੰਤ ਕੌਰ ਦੀ ਡੀਪੂ ਦੀ ਨੌਕਰੀ ਕਿਉਂ ਛੁੱਟ ਗਈ?

(ਕ) ਲੇਖਿਕਾ ਅਤੇ ਉਸਦੇ ਛੋਟੇ ਭਰਾ ਬਲਵੰਤ ਵਿਚਕਾਰ ਹੋਈ ਲੜਾਈ ਦੀ ਘਟਨਾ ਬਾਰੇ ਜਾਣਕਾਰੀ ਦਿਉ।

(ਖ) ਬਚਿੰਤ ਕੌਰ ਦੇ ਪਿਤਾ ਦਾ ਸੁਭਾਅ ਕਿਸ ਤਰ੍ਹਾਂ ਦਾ ਸੀ? 2X5=10

## ਯੂਨਿਟ ਦੂਜਾ

ਪ੍ਰਸ਼ਨ 3. ਹੇਠ ਲਿਖਿਆਂ ਵਿਚੋਂ ਕਿਸੇ ਪੰਜ ਸ਼ਬਦਾਂ ਦਾ ਪੰਜਾਬੀ ਅਨੁਵਾਦ ਕਰੋ:
Abridge, Access, Advance, Annuity, Capital Expenditure, Assets, Bill of Exchange 5X1=5

ਪ੍ਰਸ਼ਨ 4. ਹੇਠ ਲਿਖਿਆਂ ਵਿਚੋਂ ਕਿਸੇ ਇਕ ਵਿਸ਼ੇ ਉੱਪਰ ਚਿਠੀ ਪੱਤਰ ਲਿਖੋ:

(ੳ) ਆਪਣੇ ਪਿਤਾ ਜੀ ਨੂੰ ਪੱਤਰ ਰਾਹੀਂ ਦੱਸੋ ਕਿ ਤੁਸੀਂ ਆਪਣੀ ਕਾਲਜ ਦੀ ਪੜ੍ਹਾਈ ਖਤਮ ਕਰਨ ਤੋਂ ਬਾਅਦ ਕੀ ਕਰਨਾ ਚਾਹੁੰਦੇ ਹੋ।

(ਅ) ਤੁਸੀਂ ਪਹਿਲੀ ਵਾਰ ਘਰ ਤੋਂ ਦੂਰ ਹੋਸਟਲ ਵਿਚ ਗਏ ਹੋਂ। ਆਪਣੇ ਮਾਤਾ ਜੀ ਨੂੰ ਚਿਠੀ ਲਿਖ ਕੇ ਹੋਸਟਲ ਦੇ ਜੀਵਨ ਬਾਰੇ ਜਾਣਕਾਰੀ ਦਿਉ। 5X1=5

ਪ੍ਰਸ਼ਨ 5. ਹੇਠ ਲਿਖੇ ਪੈਰ੍ਹੇ ਵਿਚ ਆਏ ਵਾਕਾਂ ਨੂੰ ਸਹੀ ਵਿਸ਼ਰਾਮ ਚਿੰਨ੍ਹ ਲਗਾਓ:
ਕਿੰਨੀ ਵਾਰ ਸਮਝਾਇਆ ਕਿ ਆਪਣੇ ਬਾਪੂ ਦੇ ਸਾਹਮਣੇ ਨਾ ਬੋਲਿਆ ਕਰ ਪਰ ਤੇਰਾ ਮੱਥਾ ਗਰਮ ਹੀ ਰਹਿੰਦਾ ਐ ਚੁੱਪ ਕਿਉਂ ਐਂ ਬੋਲ ਕੁਝ ਤਾਂ ਬੋਲ ਆਪਣੀ ਮਾਂ ਨਾਲ ਗੱਲ ਕਰ ਧੀਏ ਐਨਾ ਗੁੱਸਾ ਤੇਰੇ ਭਲੇ ਲਈ ਆਖਦੀ ਹਾਂ ਆਖਿਰ ਤੇਰੀ ਮਾਂ ਹਾਂ ਵੈਰਨ ਤਾਂ ਨਹੀਂ ਬੋਲ ਤੇਰੀ ਚੁੱਪ ਮੈਨੂੰ ਤੜਪਾ ਰਹੀ ਹੈ ਕੁਝ ਹੀ ਬੋਲ ਮੇਰੀ ਲਾਡੋ 5X1=5

x-x-x

Scanned with OKEN Scanner